# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

# ਚੇਅਰਮੈਨ ਸ੍ਰੀ ਕਲੋਹੀਆ ਨੇ ਮਹਿਲਾ ਦਿਵਸ ਮੌਕੇ ਸ਼ੁੱਭ ਕਾਮਨਾਵਾਂ ਦਿੱਤੀਆਂ

- ਔਰਤ ਜਗ ਜਨਣੀ ਜਾਂ ਸਿਰਜਕ ਹੀ ਨਹੀਂ ਸਗੋਂ ਪ੍ਰਗਤੀਸ਼ੀਲ ਸਮਾਜ ਦਾ ਧੁਰਾ ਹੈ – ਚੇਅਰਮੈਨ ਸਿੱਖਿਆ ਬੋਰਡ

ਐੱਸ.ਏ.ਐੱਸ. ਨਗਰ 8 ਮਾਰਚ ( ) ਕੌਮਾਂਤਰੀ ਮਹਿਲਾ ਦਿਵਸ ਔਰਤਾਂ ਦੀ ਮਿਹਨਤ ਸਦਕਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਅਤੇ ਸਮਾਜ ਨੂੰ ਚੰਗੀ ਸੇਧ ਦੇਣ ਅਤੇ ਉਹਨਾਂ ਦਾ ਸਤਿਕਾਰ ਅਤੇ ਮਾਨ-ਸਨਮਾਨ ਨੂੰ ਵਧਾਉਣ ਲਈ ਅੰਤਰਾਸ਼ਟਰੀ ਪੱਧਰ ‘ਤੇ ਮਨਾਇਆ ਜਾਂਦਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਰਿਟਾਇਰਡ ਆਈ.ਏ.ਐੱਸ. ਨੇ ਵੀ ਮਹਿਲਾ ਦਿਵਸ ਮੌਕੇ ਬੋਰਡ ਵਿੱਚ ਕੰਮ ਕਰ ਰਹੀਆਂ ਮਹਿਲਾਵਾਂ, ਸਕੂਲਾਂ ‘ਚ ਕੰਮ ਕਰਦੀਆਂ ਅਧਿਆਪਕਾਵਾਂ ਦੇ ਨਾਲ-ਨਾਲ ਸਮੂਹ ਨਾਰੀ ਸ਼ਕਤੀ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

ਸਿੱਖਿਆ ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਜੀ ਨੇ ਦਿਲ ਦੀਆਂ ਗਹਿਰਾਈਆਂ ‘ਚੋਂ ਸਤਿਕਾਰ ਅਤੇ ਸੰਵੇਦਨਾ ਦਾ ਇਜ਼ਹਾਰ ਕਰਦੇ ਹੋਏ ਸ਼ੁੱਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਔਰਤ ਜੋ ਕਿ ਜਗ ਜਨਣੀ ਜਾਂ ਸਿਰਜਕ ਹੀ ਨਹੀਂ ਸਗੋਂ ਪ੍ਰਗਤੀਸ਼ੀਲ ਸਮਾਜ ਦਾ ਧੁਰਾ ਹੈ, ਦੇਸ਼ ਦੀ ਤਰੱਕੀ ਅਤੇ ਸੰਤੁਲਨ ‘ਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ, ਨੂੰ ਸਮਾਜ ਵੱਲੋਂ ਬਣਦਾ ਮਾਨ-ਸਤਿਕਾਰ ਦਿੱਤਾ ਜਾਂਦਾ ਰਿਹਾ ਹੈ ਅਤੇ ਦਿੱਤਾ ਜਾ ਰਿਹਾ ਹੈ।

ਭਵਿੱਖ ’ਚ ਵੀ ਸੱਭਿਅਕ ਸਮਾਜ ਵਿੱਚ ਸੰਕੀਰਣ ਅਤੇ ਸੌੜੀ ਸੋਚ ਤੋਂ ਰਹਿਤ ਰਹਿ ਕੇ ਮਹਿਲਾਵਾਂ ਲਈ ਵਧੀਆ, ਸੁਰੱਖਿਅਤ ਅਤੇ ਸਨਮਾਨ-ਪੂਰਨ ਵਾਤਾਵਰਨ ਸਿਰਜਦੇ ਹੋਏ ਵੱਧ ਤੋਂ ਵੱਧ ਸਹਿਯੋਗ ਦੇਣਾ ਜ਼ਰੂਰੀ ਹੈ। ਸਮਾਜ ਦੇ ਦ੍ਰਿਸ਼ਟੀਕੋਣ ‘ਚ ਔਰਤ ਦੇ ਆਦਰ-ਮਾਨ ਨੂੰ ਹੋਰ ਵਧਾਉਣ ਲਈ ਸਕਾਰਾਤਮਿਕ ਬਦਲਾਅ ਦੀ ਲੋੜ ਹੈ।

ਬੁਲਾਰੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਬੋਰਡ ਦੇ ਚੇਅਰਮੈਨ ਸ੍ਰੀ ਕਲੋਹੀਆ ਨੇ ਔਰਤ ਨੂੰ ਬਰਾਬਰ ਦੀ ਧਿਰ ਦਾ ਦਰਜਾ ਦੇ ਕੇ ਹਰ ਖੇਤਰ ਵਿੱਚ ਮੋਹਰੀ ਬਣਾਉਣ ਦਾ ਰੋਲ ਅਦਾ ਕਰਨ ਦੀ ਗੱਲ ਕੀਤੀ। ਇਸ ਮੌਕੇ ਉਹਨਾਂ ਨਾਲ ਸਿੱਖਿਆ ਬੋਰਡ ਦੇ ਸਕੱਤਰ ਸ੍ਰੀਮਤੀ ਹਰਗੁਣਜੀਤ ਕੌਰ ਵੀ ਹਾਜ਼ਰ ਸਨ।

ਕੋਮਲ ਸਿੰਘ
(ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ।

ਮਿਤੀ:-08-03-2018

Scanned by CamScanner